**ਇੰਡੀਆ ਫਾਊਂਡੇਸ਼ਨ ਫਾਰ ਦਿ ਆਰਟਸ (ਆਈ.ਐਫ.ਏ.)** ਦੇ

**ਆਰਟਸ ਰਿਸਰਚ (ਕਲਾ ਖੋਜ)** ਪ੍ਰੋਗਰਾਮ ਲਈ

## ਪ੍ਰਸਤਾਵ ਅਰਜ਼ੀਆਂ ਦਾ ਸੱਦਾ

**ਆਖਰੀ ਤਰੀਕ: ਬੁੱਧਵਾਰ, 10 ਸਤੰਬਰ 2025**

2025 ਵਿਚ ਸ਼ੁਰੂ ਹੋਇਆ ਆਈ. ਐੱਫ਼. ਏ. ਆਰਟਸ ਰਿਸਰਚ ਪ੍ਰੋਗਰਾਮ, ਕਲਾ ਖੇਤਰ ਵਿਚ ਖੋਜ ਵਾਸਤੇ ਵੱਖੋ-ਵੱਖ ਅਤੇ ਖੁੱਲ-ਦਿਲੇ ਤਰੀਕਿਆਂ ਦੇ ਮੁੱਲ ਨੂੰ ਸਮਝਦਾ ਹੈ। ਇਸ ਪ੍ਰੋਗਰਾਮ ਤਹਿਤ, ਅਸੀਂ ਅਜਿਹੇ ਪ੍ਰੋਗਰਾਮ ਲਾਗੂ ਕਰਦੇ ਹਾਂ, ਜਿਹੜੇ ਰਚਨਾਤਮਕ, ਵਿਦਵਤਾ ਅਤੇ/ਜਾਂ ਕਲਚਰਲ ਪ੍ਰੈਕਟਿਸ ਦੀ ਸਮਝ ਅਤੇ ਵਿਚਾਰ ਵਿਚ ਰਚੇ-ਮਿਚੇ ਰੂਪਾਂ(ਫੌਰਮਜ) ਦੀ ਛਾਣ ਬੀਣ ਕਰਨ ਅਤੇ ਭਾਰਤ ਵਿਚ ਹੋ ਰਹੇ ਕਲਾ ਕਾਰਜਾਂ ਦੇ ਇਤਿਹਾਸਾਂ ਅਤੇ ਇਜ਼ਹਾਰਾਂ ਦੇ ਬਹੁ ਨੁਕਾਤੀ ਨਜ਼ਰੀਏ ਨੂੰ ਬਾਹਰ ਲਿਆਉਣ ਤਾਂ ਕਿ ਪੜਤਾਲ, ਤਾਲਮੇਲ, ਵਿਚਾਰ ਅਤੇ ਤਜ਼ਰਬੇ ਰਾਹੀਂ ਕਲਾਵਾਂ ਦੀ ਬਾਰੀਕ ਸਮਝ ਬਣ ਸਕੇ।

ਇਹਨਾਂ ਪ੍ਰੌਜੇਕਟਾਂ ਵਿਚ, ਆਰਟਸ ਰਿਸਰਚ ਇਸ ਤਰਾਂ ਸਮਝਿਆ ਜਾ ਸਕਦਾ ਹੈ:

- **ਪ੍ਰੈਕਟਿਸ** ਦਾ ਰੂਪ (ਫੌਰਮ) ਜਿਸ ਵਿਚ ਕਲਾ ਦੀ ਖੋਜ ਕਰਨ, ਇਹਨੂੰ ਪ੍ਰਭਾਸ਼ਿਤ ਕਰਨ ਅਤੇ ਲੋਕਾਂ ਤੱਕ ਪਹੁੰਚਾਉਣ ਦੇ ਨਵੇਕਲੇ ਤਰੀਕੇ ਲੱਭੇ ਗਏ ਹੋਣ। ਅਸੀਂ ਅਜਿਹੀਆਂ ਪੜ੍ਹਤਾਂ ਨੂੰ ਹੱਲਾਸ਼ੇਰੀ ਦਿੰਦੇ ਹਾਂ ਜਿਹੜੀਆਂ ਖੋਜ ਨੂੰ ਦਸਤਾਵੇਜ ਕਰਨ ਤੋਂ ਪਾਰ, ਇਹ ਚੁਣੌਤੀ ਦੇਣ ਕਿ ਕਲਾ ਦੀ ਖੋਜ ਕੌਣ ਕਰ ਸਕਦਾ ਹੈ, ਖੋਜ ਕਰਨ ਲਈ ਕੀ ਅਹਿਮ ਹੈ, ਅਤੇ ਕਿਵੇਂ।
- **ਤਰੀਕਿਆਂ** ਦੀ ਨਵ-ਕਲਪਨਾ ਅਤੇ ਬੌਡੀ, ਤਕਨਾਲੋਜੀ, ਨਿੱਜੀ ਬਿਰਤਾਂਤਾਂ, ਯਾਦਾਂ, ਤਜ਼ਰਬਿਆਂ, ਰਿਸ਼ਤਿਆਂ ਅਤੇ ਕਲਪਨਾ ਰਾਹੀਂ ਜਾਨਣ ਅਤੇ ਸੋਚਣ ਦੇ ਵਿਲੱਖਣ ਤਰੀਕਿਆਂ ਦੇ ਵਿਚਾਰਾਂ ਨਵੇਂ ਦਿਸਹੱਦੇ ਲੱਭਣੇ।
- ਅਪਣੀ ਸਿਰਜਣ/ਕਲਾ/ਕਲਚਰਲ-ਪ੍ਰੈਕਟਿਸ ਦੀ **ਪੜਤਾਲ**। ਅਸੀਂ ਖੋਜ ਦੇ ਅਜਿਹੇ ਕਾਰਜਾਂ ਨੂੰ ਲੱਭਣ ਲਈ ਤਤਪਰ ਹਾਂ ਜਿਹੜੇ ਸਵੈ-ਖੋਜੀ ਹੋਣ, ਅਤੇ ਜਿੱਥੇ ਬੰਦੇ ਅਪਣੀ ਜਾਂ ਹੋਰਾਂ ਦੀਆਂ ਪ੍ਰੈਕਟਿਸਜ ਨਾਲ਼ ਵਿਵੇਚਨਾਮਈ, ਜਗਿਆਸੂ, ਅਤੇ ਅਗਾਂਹਵਧੂ ਤਰੀਕੇ ਨਾਲ਼ ਸੰਵਾਦ ਕਰਨ।
- ਪ੍ਰਚਲਤ ਬਿਰਤਾਂਤਾਂ ਅਤੇ ਨੁਮਾਇੰਦਗੀ ਦੀਆਂ ਸ਼ਕਲਾਂ ਨੂੰ **ਸਵਾਲ** ਕਰਦੇ ਬਹੁਭਾਂਤੀ ਨਜ਼ਰੀਏ ਜਿਹੜੇ ਭਾਰਤ ਦੇ ਇਤਿਹਾਸਾਂ, ਕਲਰਚਲ ਵਿਰਾਸਤ, ਅਤੇ ਕਲਾ ਰਵਾਇਤਾਂ ਦੇ ਇਜ਼ਹਾਰਾਂ ਦੀ ਨਵੇਂ ਸਿਰਿਓਂ ਪੜਤਾਲ਼ ਕਰਨ। ਖੋਜ ਇਸ ਬਾਰੇ ਹੋ ਸਕਦੀ ਹੈ: ਲੋਕਾਂ ਨਾਲ਼ ਸਹਿਯੋਗ, ਕਲਾ ਅਤੇ ਇਹਦੇ ਸਹਿਯੋਗੀ ਖੇਤਰਾਂ ਦੇ ਇਤਹਾਸ ਨੂੰ ਮੁੜ ਵਾਚਿਆ ਜਾਵੇ, ਅਤੇ ਇਹ ਲੱਭਿਆ ਜਾਵੇ ਕਿ ਭਵਿੱਖ ਦੇ ਕਲਾ ਕਾਰਜ ਕਿਸ ਤਰਾਂ ਦੇ ਹੋਣ।
- **ਹਾਸ਼ੀਆਗਤ ਆਵਾਜ਼ਾਂ** ਦੇ **ਇਜ਼ਹਾਰ** ਦਾ ਸਾਧਨ ਬਣਨਾ ਜਿਸ ਨਾਲ਼ ਨਵੀਆਂ ਭਾਸ਼ਾਵਾਂ, ਸ਼ਬਦ ਭੰਡਾਰਾਂ, ਅਤੇ ਦੇਸੀ ਵਸੀਲਿਆਂ ਦੀ ਸਿਰਜਣਾ ਹੋ ਸਕੇ। ਇਸ ਵਿਚ 'ਹਾਸ਼ੀਆਗਤ'(ਮਾਰਜਿਨਲ) ਅਤੇ 'ਤਾਕਤਵਰ'(ਡੌਮੀਨੈਂਟ) ਦੀ ਪਰਿਭਾਸ਼ਾ ਨੂੰ ਮੁੜ ਵਿਚਾਰਨਾ ਵੀ ਸ਼ਾਮਿਲ ਹੋ ਸਕਦਾ ਹੈ।
- **ਸੰਵਾਦ** ਦਾ ਕਾਰਜ। ਅਸੀਂ ਅਜਿਹੇ ਪ੍ਰੋਜੈਕਟ ਲਾਗੂ ਕਰਨੇ ਚਾਹਾਂਗੇ ਜਿਹੜੇ ਕਲਾ-ਰੂਪਾਂ ਅਤੇ ਹੋਰ ਖੇਤਰਾਂ ਨਾਲ਼ ਸੰਜੀਦਾ ਤਾਲਮੇਲ ਨੂੰ ਵਧਾਉਂਦੇ ਹੋਣ (ਮਿਸਾਲ ਦੇ ਤੌਰ ਤੇ ਕਲਾ ਅਤੇ ਸਾਇੰਸ, ਕਲਾ ਅਤੇ ਫਲਸਫਾ, ਕਲਾ ਅਤੇ ਡਿਜੀਟਲ ਮੀਡੀਆ, ਥਿਓਰੀ ਅਤੇ

ਪ੍ਰੈਕਟਿਸ)। ਅਸੀਂ ਚਾਹੁੰਦੇ ਹਾਂ ਕਿ ਉਹਨਾਂ ਨਾਲ਼ ਜੁੜਿਆ ਜਾ ਸਕੇ ਜਿਹੜੇ ਕਲਾ ਅਤੇ ਖੋਜ ਕਾਰਜਾਂ, ਥਿਓਰੀ, ਕਲਚਰ, ਬੌਡੀਜ ਅਤੇ ਤਕਨਾਲੌਜੀਆਂ ਵਿਚ ਮਿਲਵਰਤਣ ਅਤੇ ਸਹਿਯੋਗ ਦੀਆਂ ਨਵੀਆਂ ਸ਼ਕਲਾਂ ਲੱਭ ਰਹੇ ਹਨ।

➔ **ਅਨੁਵਾਦ** ਦਾ ਕਾਰਜ ਜਿਹੜਾ ਖੋਜ ਵਿਚ ਬਦਲ ਜਾਵੇ। ਅਸੀਂ ਅਜਿਹੇ ਵਿਅਕਤੀਆਂ ਤੋਂ ਪ੍ਰਸਤਾਵਾਂ ਨੂੰ ਹੱਲਾਸ਼ੇਰੀ ਦਿੰਦੇ ਹਾਂ, ਜਿਹੜੇ ਅਨੁਵਾਦ ਦੀ ਪ੍ਰੈਕਟਿਸ ਦੇ ਬਾਰੇ ਚੱਲ ਰਹੇ ਵਿਚਾਰਾਂ ਨੂੰ ਖੋਜਣਾ ਚਾਹੁੰਦੇ ਹੋਣ, ਬਹੁਭਾਸ਼ਾਈ ਤਰੀਕਿਆਂ ਨਾਲ਼ ਤਜ਼ਰਬਾ ਕਰ ਰਹੇ ਹੋਣ ਅਤੇ/ਜਾਂ ਅਨੁਵਾਦ ਦੇ ਕਲਚਰਲ ਮੁੱਲ ਨੂੰ ਖੋਜਣਾ ਚਾਹੁੰਦੇ ਹੋਣ।

**ਇਹਨਾਂ ਪ੍ਰਮੁੱਖ ਖੇਤਰਾਂ ਤੋਂ ਬਾਹਰ ਦੀਆਂ ਅਰਜ਼ੀਆਂ ਨੂੰ ਵੀ ਜੀ ਆਇਆਂ ਨੂੰ ਹੈ, ਜਿਹੜੀਆਂ ਕਲਾ ਵਿਚ ਖੋਜ ਦੇ ਵਿਚਾਰ ਦਾ ਘੇਰਾ ਵਧਾਉਣ।**

## ਅਰਜ਼ੀ ਕੌਣ ਭੇਜ ਸਕਦਾ ਹੈ?

ਵਿਦਵਾਨ, ਖੋਜੀ ਕਾਰਕੁਨ, ਕਲਾ-ਕਾਰਕੁਨ, ਕਿਊਰੇਟਰ, ਅਨੁਵਾਦਕ, ਕਲਾ ਦੀ ਸਿਖਲਾਈ ਦੇਣ ਵਾਲ਼ੇ, ਲੇਖਕ, ਫ਼ਿਲਾਸਫ਼ਰ, ਗੇਮਰ, ਜਾਂ **ਕੋਈ ਵੀ** ਜਿਹਨੂੰ ਖੋਜ ਅਤੇ ਪ੍ਰੈਕਟਿਸ ਵਿਚ ਦਿਲਚਸਪੀ ਹੋਵੇ।

ਜੇ ਤੁਸੀਂ ਭਾਰਤੀ ਨਾਗਰਿਕ ਹੋ ਤਾਂ ਪ੍ਰੋਜੈਕਟ ਪ੍ਰਸਤਾਵ ਭੇਜ ਸਕਦੇ ਹੋ। ਤੁਹਾਡੇ ਸਹਿਯੋਗੀ ਵੀ ਭਾਰਤੀ ਹੋਣੇ ਚਾਹੀਦੇ ਹਨ। ਜਿਆਦਾ ਜਾਣਕਾਰੀ ਲਈ, ਇੱਥੇ ਕਲਿੱਕ ਕਰੋ

## ਪ੍ਰੋਜੈਕਟ ਦੀ ਮਿਆਦ:

ਘੱਟੋ ਘੱਟ **ਇਕ ਸਾਲ** ਅਤੇ ਵੱਧ ਤੋਂ ਵੱਧ **18 ਮਹੀਨੇ**।

## ਬਜਟ:

ਵੱਧ ਤੋਂ ਵੱਧ **5,00,000/- ਰੁਪਏ**। ਤੁਸੀਂ **ਭੱਤੇ ਦੀ ਮੰਗ** ਕਰ ਸਕਦੇ ਹੋ, ਜੋ ਕੇ ਪ੍ਰਸਤਾਵਿਤ ਬਜਟ ਦੇ 35% ਤੋਂ ਵੱਧ ਨਹੀਂ ਹੋਣਾ ਚਾਹੀਦਾ। ( ਕਿਰਪਾ ਕਰਕੇ ਅਦਾਰੇ ਦੇ ਖਰਚੇ, ਇਮਾਰਤ ਬਨਾਉਣ ਦੇ ਖਰਚੇ ਅਤੇ ਕੋਈ ਵੀ ਹੋਰ ਸਾਜ਼ੋ ਸਾਮਾਨ ਦੇ ਵਿਕਾਸ ਲਈ ਖਰਚੇ ਬਜਟ ਵਿਚ ਨਾ ਪਾਏ ਜਾਣ। ਬਜਟ ਸਾਮਾਨ ਦੀ ਖਰੀਦ ਦੀ ਆਗਿਆ ਨਹੀਂ ਦਿੰਦਾ, ਪਰ ਜੇ ਤੁਸੀਂ ਕੁਝ ਅਜਿਹਾ ਖਰੀਦਦੇ ਹੋ, ਤਾਂ ਇਸਨੂੰ ਪ੍ਰੋਜੈਕਟ ਦੇ ਮੁਕੰਮਲ ਹੋਣ ਤੋਂ ਬਾਅਦ ਆਈ. ਐੱਫ਼. ਏ. ਨੂੰ ਮੋੜਨਾ ਜਰੂਰੀ ਹੈ। )

## ਪ੍ਰਸਤਾਵ ਭੇਜਣ ਦਾ ਤਰੀਕਾ?

- ਪ੍ਰਸਤਾਵ ਅਰਜ਼ੀਆਂ ਬਾਰੇ ਕੋਈ ਵੀ ਜਾਣਕਾਰੀ ਜਾਂ ਸਵਾਲ ਬੇਫ਼ਿਕਰੀ ਨਾਲ਼ ਪੁੱਛੇ ਜਾ ਸਕਦੇ ਹਨ ਤਾਂ ਕਿ ਮੁਕੰਮਲ ਪ੍ਰਸਤਾਵ ਭੇਜਣ ਤੋਂ ਪਹਿਲਾਂ ਹੀ ਪ੍ਰੋਜੈਕਟ ਤੇ ਵਿਚਾਰ ਕੀਤਾ ਜਾ ਸਕੇ। ਇਸ ਲਈ **ਸੋਮਵਾਰ, 11 ਅਗਸਤ 2025** ਤੋਂ ਪਹਿਲਾਂ ਹਰਸ਼ਿਤਾ ਬਥਵਾਲ, ਪ੍ਰੋਗਰਾਮ ਅਫਸਰ, ਆਰਟਸ ਰਿਸਰਚ harshita@indiaifa.org ਨੂੰ ਲਿਖ ਸਕਦੇ ਹੋ, ਵਿਸ਼ਾ: **ਆਰਟਸ ਰਿਸਰਚ ਲਈ ਪ੍ਰੋਜੈਕਟ ਪ੍ਰਸਤਾਵ**

- ਪ੍ਰਸਤਾਵ ਅੰਗਰੇਜ਼ੀ ਸਮੇਤ ਕਿਸੇ ਵੀ ਭਾਰਤੀ ਬੋਲੀ ਵਿਚ ਲਿਖਿਆ ਜਾ ਸਕਦਾ ਹੈ। ਪ੍ਰਸਤਾਵਿਤ ਪ੍ਰੋਜੈਕਟ, ਖੋਜ ਦੇ ਸਵਾਲਾਂ, ਪ੍ਰਸਤਾਵਿਤ ਟੀਚਿਆਂ, ਅਪਣੀ ਅਤੇ ਸਹਾਇਕਾਂ ਦੀ ਲਗਨ ਬਾਰੇ ਸਪਸ਼ਟ ਹੋਵੇ।
- ਅਸੀਂ ਅਰਜ਼ੀਕਾਰਾਂ ਤੋਂ ਉਮੀਦ ਕਰਦੇ ਹਾਂ ਕਿ ਪ੍ਰੋਜੈਕਟ ਇਸ ਤਰਾਂ ਨਾਲ਼ ਵਿਕਸਿਤ ਕੀਤੇ ਜਾਣ ਤਾਂ ਕਿ ਇਹ ਜਨਤਕ ਤੌਰ ਤੇ ਸਾਂਝੇ ਕੀਤੇ ਸਕਣ। ਇਹ ਲਿਖਤ, ਵਿਜ਼ੁਅਲ, ਪ੍ਰਫੋਰਮੈਟਿਵ, ਕਿਊਰੇਟੇਰੀਅਲ, ਸਿਖਿਅਕ, ਸਪੇਸ਼ਿਅਲ, ਮਟੀਰੀਅਲ, ਦਸਤਾਵੇਜ਼ੀ, ਸੋਨਿਕ, ਡਿਜੀਟਲ ਜਾਂ ਕਿਸੇ ਵੀ ਤਰਾਂ ਦੇ ਕਲਚਰਲ ਦਖਲ ਦਾ ਰੂਪ ਹੋ ਸਕਦੇ ਹਨ। ਪ੍ਰੋਜੈਕਟ ਦਾ ਟੀਚਾ, ਵਸੀਹ ਅਤੇ ਬਹੁਭਾਂਤੀ ਸੰਗਤ ਵਾਸਤੇ ਪਹੁੰਚ ਯੋਗ ਹੋਣ ਦਾ ਚਾਹੀਦਾ ਹੈ, ਜਿਸ ਨਾਲ਼ ਇਕ ਤੋਂ ਜ਼ਿਆਦਾ ਤਰਾਂ ਦੀ ਜਨਤਾ ਨਾਲ਼ ਸੰਵਾਦ ਹੋ ਸਕੇ।
- ਤੁਹਾਡੇ ਮੁਕੰਮਲ ਪ੍ਰਸਤਾਵ, ਅਪਣੇ ਕਰੀਕੁਲਮ ਵਿਟੇ/ਬਾਇਓਡਾਟਾ, **ਬਜਟ ਦੀ ਤਫਸੀਲ** ਜਿਸ ਤੋਂ ਪਤਾ ਲੱਗੇ ਕਿ ਫੰਡ ਕਿਸ ਤਰਾਂ ਵਰਤੇ ਜਾਣਗੇ, ਔਨਲਾਈਨ ਇਕ ਈਮੇਲ ਰਾਹੀਂ, ਈਮੇਲ 25 MB ਤੋਂ ਵੱਧ ਨਾ ਹੋਵੇ, harshita@indiaifa.org ਨੂੰ **10 ਸਤੰਬਰ 2025, 11:59 PM (IST)** ਤੱਕ ਪਹੁੰਚ ਜਾਣੇ ਚਾਹੀਦੇ ਹਨ।

**ਚੋਣ ਦਾ ਤਰੀਕਾ:**

ਸ਼ੌਰਟਲਿਸਟ ਕੀਤੇ ਪ੍ਰਸਤਾਵ ਬਾਹਰੀ ਪੈਨਲ ਵੱਲੋਂ ਵਾਚੇ ਜਾਣਗੇ ਅਤੇ ਅਰਜ਼ੀਕਾਰਾਂ ਨੂੰ ਪੈਨਲ ਸਾਹਮਣੇ ਆਪਣੇ ਵਿਚਾਰ ਪੇਸ਼ ਕਰਨ ਦੀ ਜ਼ਰੂਰਤ ਪੈ ਸਕਦੀ ਹੈ। ਅਮਲ ਵਿਚ ਲਿਆਂਦੇ ਜਾਣ ਲਈ ਚੁਣੇ ਗਏ ਪ੍ਰਜੈਕਟਾਂ ਦਾ ਐਲਾਨ **ਨਵੰਬਰ 2025** ਵਿਚ ਕੀਤਾ ਜਾਵੇਗਾ। ਚੋਣ ਲਈ ਆਈ.ਐਫ.ਏ. ਦਾ ਕੀਤਾ ਫੈਸਲਾ ਆਖ਼ਰੀ ਹੋਵੇਗਾ।

ਧਿਆਨ ਰਹੇ ਕੇ ਅਧੂਰੇ ਪ੍ਰਸਤਾਵ ਅਤੇ ਅਜਿਹੇ ਜਿਨ੍ਹਾਂ ਵਿਚ ਅਰਜ਼ੀਕਾਰ ਯੋਗਤਾ ਦੇ ਦਾਇਰੇ ਤੋਂ ਬਾਹਰ ਹੋਣ, ਪ੍ਰਵਾਨ ਨਹੀਂ ਕੀਤੇ ਜਾਣਗੇ।

ਸਾਰੇ ਦੇ ਸਾਰੇ ਚੁਣੇ ਹੋਏ ਪ੍ਰੋਜੈਕਟ ਆਈ.ਐਫ.ਏ. ਵੱਲੋਂ ਲਾਗੂ ਕੀਤੇ ਜਾਣਗੇ।

**ਮੁੱਖ ਤਰੀਕਾਂ:**

- ਪ੍ਰੋਜੈਕਟ ਦੇ ਬਾਰੇ ਵਿਚਾਰ ਕਰਨ ਜਾਂ ਸਵਾਲ ਪੁੱਛਣ ਦੀ ਆਖਰੀ ਤਰੀਕ: 11 ਅਗਸਤ 2025
- ਮੁਕੰਮਲ ਪ੍ਰਸਤਾਵ ਦੀ ਆਖਰੀ ਤਰੀਕ: 10 ਸਤੰਬਰ 2025
- ਚੁਣੇ ਹੋਏ ਪ੍ਰੋਜੈਕਟਾਂ ਦੀ ਆਖਰੀ ਤਰੀਕ: ਨਵੰਬਰ - ਦਿਸੰਬਰ 2025
- ਪ੍ਰੋਜੈਕਟ ਦੀ ਸ਼ੁਰੂਆਤ: ਜਨਵਰੀ 2026 (ਬਦਲੀ ਵੀ ਜਾ ਸਕਦੀ ਹੈ)

***ਆਈ.ਐਫ.ਏ. ਅੰਗਰੇਜ਼ੀ ਸਮੇਤ ਬਾਕੀ ਭਾਰਤੀ ਬੋਲੀਆਂ ਦੇ ਪ੍ਰਜੈਕਟਾਂ ਦੀ ਖਾਸ ਤੌਰ ਤੇ ਹੌਂਸਲਾ ਅਫ਼ਜ਼ਾਈ ਕਰਦਾ ਹੈ।***

***ਯਾਦ ਰਹੇ ਕਿ ਆਈ.ਐਫ.ਏ. ਇਕ ਸੁਰੱਖਿਅਤ ਮਹੌਲ਼ ਸਿਰਜਣ ਲਈ ਵਚਨਬੱਧ ਹੈ ਜਿਸ ਵਿਚ ਬਾਲ ਬੱਚਿਆਂ ਸਮੇਤ ਹਰੇਕ ਦੀ ਸੁਰੱਖਿਆ, ਦੇਖਭਾਲ਼ ਅਤੇ ਇੱਜ਼ਤ ਹੋਵੇ। ਅਰਜ਼ੀਕਾਰ ਇਸ ਵਚਨਬੱਧਤਾ ਦਾ ਧਾਰਨੀ ਹੋਵੇ ਅਤੇ ਹਰ ਵੇਲ਼ੇ ਇਸ ਦੀ ਪੈਰਵਾਈ ਕਰੇ।***

***ਆਰਟਸ ਰਿਸਰਚ ਪ੍ਰੋਗਰਾਮ ਬੀ. ਐੱਨ. ਪੀ. ਪਰੀਬਾਸ ਇੰਡੀਆ ਦੇ ਸਹਿਯੋਗ ਨਾਲ਼ ਸਿਰੇ ਚੜ੍ਹਿਆ ਹੈ।***